# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ
## www.chandigarh.gov.in
## ਪ੍ਰੈਸ ਨੋਟ

ਚੰਡੀਗੜ੍ਹ, 6 ਸਤੰਬਰ :-ਛੇਵੇਂ ਸਲਾਨਾ ਮੈਗਾ ਆਈਟੀ ਪ੍ਰੋਗਰਾਮ 'ਈ-ਰੀਵੈਲਿਊਏਸ਼ਨ 2010' ਦਾ ਆਯੋਜਨ 29 ਤੋਂ 30 ਸਤੰਬਰ ਤੱਕ ਹੋਟਲ ਮਾਊਂਟਵਿਊ ਵਿਚ ਕੀਤਾ ਜਾਵੇਗਾ। ਦੋ ਦਿਨਾਂ ਦੇ ਪ੍ਰੋਗਰਾਮ ਦੀ ਮੇਜ਼ਬਾਨੀ ਚੰਡੀਗੜ੍ਹ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੁਆਰਾ ਐਸਟੀਪੀਆਈ ਮੋਹਾਲੀ ਦੇ ਨਾਲ ਕੀਤੀ ਜਾ ਰਹੀ ਹੈ। ਪ੍ਰੋਗਰਾਮ ਦੇ ਦੌਰਾਨ ਖੇਤਰ ਦੇ ਲਈ ਪੰਜ਼ ਸਾਲਾ ਏਜੰਡਾ ਤਿਆਰ ਕਰਨ, ਤੇਜ਼ੀ ਨਾਲ ਸਮਾਜਿਕ ਅਤੇ ਆਰਥਿਕ ਵਿਕਾਸ ਪੱਕਾ ਕਰਨ, ਐਮਐਸਐਮਈਜ਼ ਦੇ ਲਈ ਹੇਠਲੇ ਪੱਧਰ ਵਿਚ ਸੁਧਾਰ ਕਰਨਾ ਅਤੇ ਪ੍ਰਭਾਵੀ ਰੂਪ ਵਿਚ ਸਿਟੀਜ਼ਨ ਕੇਂਦਰੀ ਸੇਵਾਵਾਂ ਦੇ ਵਿਤਰਣ ਤੇ ਧਿਆਨ ਦਿੱਤਾ ਜਾਵੇਗਾ।

ਪੰਜਾਬ ਇੰਨਫੋਟੈਕ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਰਾਕੇਸ਼ ਵਰਮਾ ਨੇ ਦੱਸਿਆ ਕਿ ਖੇਤਰ ਨੂੰ ਗਿਆਨ ਕੇਂਦਰ ਦੇ ਰੂਪ ਵਿਚ ਬਦਲਣ ਦੇ ਲਈ ਸਾਰੇ ਸਟੇਕਹੋਲਡਰਾਂ ਨੂੰ ਸਿੱਖਿਆ, ਸ਼ਾਸਨ, ਸਿਹਤ ਜਾਂ ਸੇਵਾਵਾਂ ਨਾਲ ਸੰਬੰਧਿਤ ਹਰੇਕ ਖੇਤਰ ਵਿਚ ਆਈਸੀਟੀ ਦਾ ਪ੍ਰਯੋਗ ਕਰਨਾ ਹੋਵੇਗਾ।

ਸ਼੍ਰੀ ਵਰਮਾ ਨੇ ਦੱਸਿਆ ਕਿ ਵਿਕਾਸ ਨੂੰ ਪੱਕਾ ਕਰਨ ਵਿਚ ਐਮਐਸਐਮਈਜ਼ ਨੂੰ ਕਾਫੀ ਵੱਡੀ ਭੂਮਿਕਾ ਨਿਭਾਉਣੀ ਹੋਵੇਗੀ ਤਾਂ ਕਿ ਨੀਵੇਂ ਪੱਧਰ ਤੇ ਲੋਕਾਂ ਦਾ ਵਿਕਾਸ ਹੋ ਸਕੇ ਅਤੇ ਉਹਨਾਂ ਦਾ ਜੀਵਨ ਪੱਧਰ ਬਿਹਤਰ ਬਣ ਸਕੇ।

ਈ-ਰੀਵੈਲਿਊਏਸ਼ਨ ਦੇ ਸਹਿਯੋਗੀ, ਨਾਸਕਮ ਅਤੇ ਟਾਈ ਦਾ ਚੰਡੀਗੜ੍ਹ-ਪੰਜ਼ਾਬ ਚੈਪਟਰ ਨੇ ਭਿੰਨ ਭਿੰਨ ਚਰਚਿਆਂ ਦੇ ਲਈ ਸਫਲ ਇੰਟਾਪ੍ਰੋਨਅਸਰ ਅਤੇ ਲੀਡਰਾਂ ਨੂੰ ਲਾਈਨ ਅੱਪ ਕੀਤਾ ਹੈ।

ਨਾਸਕਾਮ ਦੇ ਪ੍ਰੈਜੀਡੈਂਟ ਸ਼੍ਰੀ ਸੋਮ ਮਿੱਤਲ ਦੁਆਰਾ ਚੰਡੀਗੜ੍ਹ ਅਤੇ ਪੰਜਾਬ ਦੇ ਲਈ ਪੰਜ਼ ਸਾਲਾ ਯੋਜਨਾਵਾਂ ਤੇ ਚਰਚਾ ਵਿਚ ਅਗਾਮੀ ਭੂਮਿਕਾ ਨਿਭਾਈ ਜਾਵੇਗੀ। ਚਰਚਾ ਵਿਚ ਪਿਛਲੇ ਵੀਹ ਸਾਲਾ ਦੌਰਾਨ ਭਾਰਤੀ ਅਰਥ ਵਿਵਸਥਾ ਵਿਚ ਆਏ ਪਰਿਵਰਤਨ ਵਿਚ ਵਿਸ਼ਵੀਕਰਨ ਅਤੇ ਗਿਆਨ ਅਰਥ ਵਿਵਸਥਾ ਦੀ ਭੂਮਿਕਾ ਤੇ ਧਿਆਨ ਕੇਂਦਰਤ ਕੀਤਾ ਜਾਵੇਗਾ।

ਐਸਟੀਪੀਆਈ ਮੋਹਾਲੀ ਦੇ ਸੈਂਟਰ ਹੈੱਡ ਸ਼੍ਰੀ ਅਜੇ ਸ਼੍ਰੀਵਾਸਤਵ ਨੇ ਦੱਸਿਆ ਕਿ ਪਿਛਲੇ ਦਸ ਸਾਲਾਂ ਦੌਰਾਨ ਖੇਤਰ ਵਿਚ ਕਾਫੀ ਵਿਕਾਸ ਹੋਇਆ ਹੈ ਅਤੇ ਇਹ ਉੱਤਮ ਟਾਇਰ-2 ਖੇਤਰਾਂ ਵਿਚ ਸ਼ਾਮਿਲ ਹੋਇਆ ਹੈ।

ਮੁੱਖ ਸੈਸ਼ਨਾਂ ਦੌਰਾਨ ਨੈਕਸਟ ਜੈਨਰੇਸ਼ਨ ਮਾਰਕਟਿੰਗ ਟੂਲ ਜਿਵੇਂ ਵੈੱਬ 2.0, ਟਵੀਟਰ, ਫੇਸਬੁੱਕ, ਲਿੰਕਡਨ ਆਦਿ ਅਤੇ ਕਿਵੇਂ ਇਹਨਾਂ ਦਾ ਪ੍ਰਯੋਗ ਵੱਧਦੇ ਐਸਐਮਈਜ਼ ਅਤੇ ਨਾਗਰਿਕ ਕੇਂਦਰੀ ਸਰਕਾਰਾਂ ਵਿਚ ਕੀਤਾ ਜਾ ਰਿਹਾ ਹੈ, ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਸ

ਦੇ ਨਾਲ ਹੀ 3-ਜ਼ੀ ਟੈਕਰੋਲਾੱਜ਼ੀ ਅਤੇ ਕ੍ਰਾਂਤੀ ਪੈਦਾ ਕਰਦੇ ਮੁਬਾਇਲ ਦੇ ਪ੍ਰਯੋਗ ਐਮ ਗਵਰਨੈੱਸ, ਐਮ ਬੈਕਿੰਗ, ਐਮ ਕਾਮਰਸ ਤੇ ਵੀ ਚਰਚਾ ਕੀਤੀ ਜਾਵੇਗੀ।

ਚੰਡੀਗੜ੍ਹ-ਪੰਜ਼ਾਬ ਚੈਪਟਰ ਆਫ ਦ ਇੰਡਰ ਇੰਟਰਪ੍ਰਿਔਰਰ (ਟਾਈ) ਦੇ ਪ੍ਰੈਜ਼ੀਡੈਂਟ ਸ਼੍ਰੀ ਪੁਨੀਤ ਵਤਸਾਅਨ ਨੇ ਦੱਸਿਆ ਕਿ ਹਾਲ ਹੀ ਦੇ ਅਧਿਅਨਾਂ ਤੋਂ ਪਤਾ ਚਲਦਾ ਹੈ ਕਿ ਭਵਿੱਖ ਦੇ ਵਿਕਾਸ ਵਿਚ ਛੋਟੇ ਅਤੇ ਮਧਿਅਮ ਸੰਗਠਨਾਂ ਦੀ ਕਾਫੀ ਮਹੱਤਵਪੂਰਨ ਭੂਮਿਕਾ ਹੋਵੇਗੀ।

ਯੂਟੀ ਆਈਟੀ ਨਿਰਦੇਸ਼ਕ ਸ਼੍ਰੀ ਸੰਦੀਪ ਹੰਸ ਨੇ ਦੱਸਿਆ ਕਿ ਇਹ ਖੇਤਰ ਉੱਤਰ ਭਾਰਤ ਵਿਚ ਨਾਲਜ਼ ਹੱਬ ਦੇ ਰੂਪ ਵਿਚ ਉੱਭਰਿਆ ਹੈ ਅਤੇ ਸਰਕਾਰ ਨਵੇਂ ਵਿਚਾਰਾਂ ਨੂੰ ਸ਼ਾਮਿਲ ਕਰਨ, ਅਗਲੇ ਪੰਜ਼ ਸਾਲਾਂ ਦੇ ਲਈ ਡ੍ਰਾਫਟ ਵਿਜ਼ਨ ਪਲਾਨ ਬਣਾਉਣ, ਇੰਟਰਪ੍ਰਿਓਨਰਸ਼ਿਪ ਨੂੰ ਪ੍ਰੋਤਸਾਹਿਤ ਕਰਨ ਅਤੇ ਪ੍ਰਗਤੀ ਦੇ ਲਈ ਆਈ.ਸੀ.ਟੀ ਦੀ ਲੋਕਪ੍ਰਿਅਤਾ ਨੂੰ ਵਧਾਉਣ ਦਾ ਯਤਨ ਕਰ ਰਹੀ ਹੈ। ਉਹਨਾਂ ਨੇ ਦੱਸਿਆ ਕਿ ਪ੍ਰਤੀਨਿਧੀਆਂ ਦੇ ਕੋਲ ਦੂਸਰੇ ਦਿਨ ਦੀ ਸਵੇਰ ਗੋਲਫ ਦਾ ਆਨੰਦ ਲੈਣ ਅਤੇ ਸ਼ਹਿਰ ਦੀ ਯਾਤਰਾ ਕਰਨ ਦਾ ਵਿਕਲਪ ਮੌਜੂਦ ਹੋਵੇਗਾ।